ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।
ਸਿੱਖਿਆ ਭਵਨ, ਬਲਾਕ-ਈ, ਫੇਜ਼-VIII, ਐਸ.ਏ.ਐਸ. ਨਗਰ।
(ਕੋਆਰਡੀਨੇਸ਼ਨ ਸ਼ਾਖਾ)
(email. dpise.coordination@punjabeducation.gov.in)

---

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ), ਪੰਜਾਬ।

ਮੀਮੋ ਨੰ. 60149/DPISE/5/COORDINATION/2023247491 - 492
ਮਿਤੀ 04-09-2023

ਵਿਸ਼ਾ: Promotion by Non Selection ਅਨੁਸਾਰ ਪਦਉਨਤੀਆਂ ਵਿੱਚ ਦਿਵਿਆਂਗਜਨਾਂ ਨੂੰ ਰਾਖਵਾਂਕਰਨ ਦੇਣ ਸਬੰਧੀਸਪੱਸ਼ਟੀਕਰਨ।

ਹਵਾਲਾ: ਪੰਜਾਬ ਸਰਕਾਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ (ਡਿਸਏਬਿਲਟੀ ਸੈੱਲ) ਦਾ ਪੱਤਰ ਨੰ. 10/87/2022-3DC/485 ਮਿਤੀ 28.07.2023.

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਨੂੰ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

ਨੱਥੀ: ਉਕਤ ਅਨੁਸਾਰ

(ਬਲਜਿੰਦਰ ਕੌਰ)
ਸੁਪਰਡੰਟ (ਕੋਆਰਡੀਨੇਸ਼ਨ)

ਪਿੱ.ਅੰ.ਨੰ. ਉਕਤ/2023247493-494 ਮਿਤੀ 04-09-2023

ਉਤਾਰਾ ਹੇਠ ਲਿਖਿਆ ਨੂੰ ਹਦਾਇਤਾਂ ਦੀ ਪਾਲਣਾ ਹਿੱਤ ਭੇਜਿਆ ਜਾਂਦ ਹੈ:-

1. ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।
2. ਸਮੂਹ ਅਧਿਕਾਰੀ/ਸ਼ਾਖਾ ਮੁਖੀ, ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ ਅਤੇ ਐਲੀਮੈਂਟੀ), ਪੰਜਾਬ।
3. ਸਮੂਹ ਅਧਿਕਾਰੀ/ਸ਼ਾਖਾ ਮੁਖੀ, ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
4. ਸਮੂਹ ਅਧਿਕਾਰੀ/ਸ਼ਾਖਾ ਮੁਖੀ, ਦਫਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ।

(ਬਲਜਿੰਦਰ ਕੌਰ)
ਸੁਪਰਡੰਟ (ਕੋਆਰਡੀਨੇਸ਼ਨ)

DSE(SE)
10-8-23

ਨੰ. 10/87/2022-3DC/485

**ਪੰਜਾਬ ਸਰਕਾਰ**

**ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ**

**(ਡਿਸਏਬਿਲਟੀ ਸੈਲ)**

ਸੇਵਾ ਵਿਖੇ

1. ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ।
2. ਰਾਜ ਦੇ ਸਮੂਹ ਮੰਡਲਾਂ ਦੇ ਕਮਿਸ਼ਨਰ।
3. ਰਾਜ ਦੇ ਸਮੂਹ ਡਿਪਟੀ ਕਮਿਸ਼ਨਰ।
4. ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈਕੋਰਟ,ਚੰਡੀਗੜ੍ਹ।
5. ਰਾਜ ਦੇ ਸਮੂਹ ਜਿਲ੍ਹਾ ਅਤੇ ਸੈਸ਼ਨ ਜੱਜ।
6. ਰਾਜ ਦੇ ਸਮੂਹ ਉਪ ਮੰਡਲ ਮੈਜਿਸਟ੍ਰੇਟ।
7. ਚੇਅਰਮੈਨ, ਲੋਕ ਸੇਵਾ ਕਮਿਸ਼ਨ, ਪਟਿਆਲਾ।
8. ਚੇਅਰਮੈਨ, ਅਧੀਨ ਸੇਵਾਵਾਂ ਬੋਰਡ, ਪੰਜਾਬ, ਚੰਡੀਗੜ੍ਹ।
9. ਸਮੂਹ ਬੋਰਡ/ਕਾਰਪੋਰੇਸ਼ਨਾਂ ਪੰਜਾਬ ਰਾਜ।
10. ਰਜਿਸਟਰਾਰ ਸਾਰੀਆਂ ਯੂਨੀਵਰਸਿਟੀਆਂ ਪੰਜਾਬ ਰਾਜ।

ਮਿਤੀ, ਚੰਡੀਗੜ੍ਹ: 28-07-2023

ਵਿਸ਼ਾ : **Promotion by Non Selection ਅਨੁਸਾਰ ਪਦਉਨਤੀਆਂ ਵਿੱਚ ਦਿਵਿਆਂਗਜਨਾਂ ਨੂੰ ਰਾਖਵਾਂਕਰਨ ਦੇਣ ਸਬੰਧੀ ਸਪੱਸ਼ਟੀਕਰਨ।**

ਸ਼੍ਰੀਮਾਨ/ਸ਼੍ਰੀਮਤੀ ਜੀ,

ਸਮਾਜਿਕ ਸੁਰਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵਲੋਂ ਦਿਵਿਆਂਗਜਨਾਂ ਨੂੰ ਸਿੱਧੀ ਭਰਤੀ ਅਤੇ ਪਦਉਨਤੀਆਂ ਵਿੱਚ 4% ਰਾਖਵਾਂਕਰਨ ਦੇਣ ਸਬੰਧੀ ਪੱਤਰ ਨੰ. 1/1/2017-3DC/1588894/1 ਮਿਤੀ 3-10-2019 ਰਾਹੀਂ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਹਨ, ਪ੍ਰੰਤੂ ਇਨ੍ਹਾਂ ਹਦਾਇਤਾਂ ਦੇ ਪੈਰ੍ਹਾ ਨੰ.-12 ਵਿੱਚ ਕੇਵਲ Promotion by Selection ਰਾਹੀਂ ਕੀਤੀਆਂ ਜਾਣ ਵਾਲੀਆਂ ਪਦਉਨਤੀਆਂ ਵਿੱਚ ਦਿਵਿਆਂਗਜਨਾਂ ਨੂੰ ਰਾਖਵਾਕਰਨ ਦੇਣ ਸਬੰਧੀ ਕਾਰਵਾਈ ਬਾਰੇ ਹੀ ਸਪੱਸ਼ਟ ਕੀਤਾ ਗਿਆ ਹੈ। ਵਿਭਾਗਾਂ ਵਿੱਚ ਪਦਉਨਤੀਆਂ Promotion by Non Selection ਅਨੁਸਾਰ ਵੀ ਕੀਤੀਆਂ ਜਾਂਦੀਆਂ ਹਨ, ਜਿਸ ਕਰਕੇ ਵਿਭਾਗਾਂ ਨੂੰ Promotion by Non Selection ਅਨੁਸਾਰ ਪਦਉਨਤੀਆਂ ਕਰਦੇ ਹੋਏ ਦਿਵਿਆਂਗਜਨਾਂ ਨੂੰ ਰਾਖਵਾਂਕਰਨ ਦੇਣ ਸਮੇਂ ਕਾਫੀ ਦਿਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਬੰਧ ਵਿੱਚ ਵਿਭਾਗਾਂ ਵੱਲੋਂ ਸਪੱਸ਼ਟੀਕਰਨ ਵੀ ਮੰਗਿਆ ਜਾ ਰਿਹਾ ਹੈ।

2. ਇਸ ਵਿਭਾਗ ਵਲੋਂ ਦਿਵਿਆਂਗਜਨਾਂ ਨੂੰ ਸਿੱਧੀ ਭਰਤੀ ਅਤੇ ਪਦਉਨਤੀਆਂ ਵਿੱਚ 3% ਰਾਖਵਾਂਕਰਨ ਦੇਣ ਸਬੰਧੀ ਪੱਤਰ ਨੰ. 9/23/2015-3-DC/506 ਮਿਤੀ 24-6-2015 ਰਾਹੀਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਜਿਸ ਦੇ ਪੈਰ੍ਹਾ 14 ਦੇ ਭਾਗ (b) ਵਿੱਚ Promotion by Non Selection ਅਨੁਸਾਰ ਕੀਤੀਆਂ ਜਾਣ ਵਾਲੀਆਂ ਪਦਉਨਤੀਆਂ ਵਿੱਚ ਦਿਵਿਆਂਗਜਨਾਂ ਨੂੰ ਰਾਖਵਾਂਕਰਨ ਦੇਣ ਸਮੇਂ ਕੀਤੀ ਜਾਣ ਵਾਲੀ ਕਾਰਵਾਈ ਸਬੰਧੀ ਉਪਬੰਧ ਕੀਤਾ ਹੋਇਆ ਸੀ।

3. ਇਸ ਲਈ ਸਪੱਸ਼ਟ ਕੀਤਾ ਜਾਂਦਾ ਹੈ ਕਿ Promotion by Non Selection ਅਨੁਸਾਰ ਕੀਤੀਆਂ ਜਾਣ ਵਾਲੀਆਂ ਪਦਉਨਤੀਆਂ ਵਿੱਚ ਦਿਵਿਆਂਗਜਨਾਂ ਨੂੰ 4% ਰਾਖਵਾਂਕਰਨ ਦੇਣ ਲਈ ਇਸ ਵਿਭਾਗ ਵਲੋਂ ਪੱਤਰ ਨੰ. 9/23/2015-3-DC/506 ਮਿਤੀ 24-6-2015 ਰਾਹੀਂ ਜਾਰੀ ਹਦਾਇਤਾਂ ਦੇ ਪੈਰ੍ਹਾ 14 ਦੇ ਭਾਗ (b) ਵਿੱਚ ਕੀਤੇ ਉਪਬੰਧ, ਜੋ ਕਿ ਹੇਠ ਅਨੁਸਾਰ ਹੈ, ਅਨੁਸਾਰ ਕਾਰਵਾਈ ਕੀਤੀ ਜਾਵੇ:

> 14 (b) In posts filled by promotion by non-selection, the eligible candidates with disabilities shall be considered for promotion against the reserved vacancies and in case no eligible candidate of the appropriate category of disability is available, the vacancy can be exchanged with other categories of disabilities identified for it. If it is not possible to fill up the post by reservation even by exchange, the reservation shall be carried forward for upto three subsequent recruitment years where after it shall lapse.

4. ਇਹ ਪੱਤਰ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਦੇ ਸਨਮੁੱਖ ਜਾਰੀ ਕੀਤਾ ਜਾਂਦਾ ਹੈ।

ਵਿਸ਼ਵਾਸਪਾਤਰ

ਭੁਪਿੰਦਰ ਕੌਰ

ਭੁਪਿੰਦਰ ਕੌਰ

(ਅਧੀਨ ਸਕੱਤਰ)

ਉਪਰੋਕਤ ਦਾ ਉਤਾਰਾ ਪੰਜਾਬ ਰਾਜ ਦੇ ਸਮੂਹ ਵਿਸ਼ੇਸ਼ ਮੁੱਖ ਸਕੱਤਰਾਂ/ਵਧੀਕ ਮੁੱਖ ਸਕੱਤਰਾਂ/ਵਿੱਤੀ ਕਮਿਸ਼ਨਰਾਂ/ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਿਸ਼ਵਾਸਪਾਤਰ

ਭੁਪਿੰਦਰ ਕੌਰ

ਭੁਪਿੰਦਰ ਕੌਰ

(ਅਧੀਨ ਸਕੱਤਰ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ
ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ।

ਅੰ.ਵਿ.ਪੱ.ਨੰ.: 10/87/2022-3DC/486 ਮਿਤੀ, ਚੰਡੀਗੜ੍ਹ 28-07-2023